# ਅੱਯੂਬ, ਸਰੇਸ਼ਟ ਗੀਤ, ਉਪਦੇਸ਼ਕ ਦੀ ਪੋਥੀ, ਜਬੂਰਾਂ ਦੀ ਪੋਥੀ ਅਤੇ ਕਹਾਉਤਾਂ

ਜਿਹੜੇ ਬੱਚਿਆਂ ਨੂੰ ਸਿੱਖਿਆ ਦੇਂਦੇ ਹਨ ਉਨ੍ਹਾਂ ਨੂੰ P4b ਦਾ ਅਧਿਐਨ ਕਰਨਾ ਚਾਹੀਦਾ ਹੈ।


**ਪ੍ਰਾਰਥਨਾ:** ''ਪਿਆਰੇ ਪ੍ਰਭੂ, ਸਾਨੂੰ ਸੁੰਦਰ ਕਾਵਿ ਰਚਨਾ ਦਾ ਪ੍ਰਯੋਗ ਕਰਨ ਵਿੱਚ ਮਦਦ ਕਰ ਜਿਸਦੀ ਪ੍ਰੇਰਨਾ ਤੂੰ ਕਈ ਸਦੀਆਂ ਪਹਿਲਾਂ, ਨਿਰਦੇਸ਼ ਦੇਣ, ਉਤਸਾਹਿਤ ਕਰਨ ਅਤੇ ਤੇਰੀ ਉਸਤਤ ਕਰਨ ਲਈ ਇਬਰਾਨੀ ਬੋਲਣ ਵਾਲੇ ਇਸਰਾਏਲੀਆਂ ਨੂੰ ਲਿਖਣ ਲਈ ਦਿੱਤੀ ਸੀ।''

ਅਜਿਹੀਆਂ ਗਤੀਵਿਧੀਆਂ ਚੁਣੋ ਜਿਹੜੀਆਂ ਲੋਕਾਂ ਦੀਆਂ ਲੋੜਾਂ ਲਈ ਢੁੱਕਵੀਆਂ ਹੋਣ।

**1.** **ਕਾਵਿਆਤਮਕ ਪੁਸਤਕਾਂ ਵਿੱਚੋਂ ਸਿੱਖਿਆ ਦੇਣ ਲਈ ਪਰਮੇਸ਼ੁਰ ਦੇ ਵਚਨ ਨਾਲ ਪ੍ਰਾਰਥਨਾ ਪੂਰਵਕ ਤਿਆਰੀ ਕਰੋ।**

ਪ੍ਰਾਚੀਨ ਇਬਰਾਨੀ ਕਾਵਿ ਰਚਨਾ ਦੀ ਅਨੋਖੀ ਸੁੰਦਰਤਾ ਅਤੇ ਸ਼ਕਤੀ ਬਾਰੇ ਵਿਆਖਿਆ ਕਰੋ।

- ਬਹੁਤ ਸਾਰੇ ਸੱਭਿਆਚਾਰਾਂ ਦੀਆਂ ਕਾਵਿ ਰਚਨਾ ਕਾਫ਼ੀਆਂ; ਵਾਕਾਂਸ਼ਾਂ ਦੇ ਅੰਤ ਤੇ ਸ਼ਬਦ ਇਕੋ ਜਿਹੇ ਜਾਪਦੇ ਹਨ। ਇਸ ਦਾ ਇਕ ਮਾਪ ਹੈ; ਵਾਕਾਂਸ਼ ਵਿੱਚ ਉਚਾਰੇ ਉਚਾਰਖੰਡ ਦੀ ਸਥਿਤੀ ਅਤੇ ਅੰਕ ਇਕ ਨਮੂਨੇ ਅਨੁਸਾਰ ਹੁੰਦੇ ਹਨ। ਅਜਿਹੀ ਕਾਵਿ ਰਚਨਾ ਦਾ ਅਨੁਵਾਦ ਕਰਨਾ ਮੁਸ਼ਕਲ ਹੈ। ਪਰਮੇਸ਼ੁਰ ਦਾ ਮਕਸਦ ਸਾਰੇ ਲੋਕਾਂ ਲਈ ਸੀ ਕਿ ਲੋਕ ਉਸਦੇ ਵਚਨ ਨੂੰ ਸਾਰੀਆਂ ਭਾਸ਼ਾਵਾਂ ਵਿੱਚ ਪੜ੍ਹਨ ਅਤੇ ਇਸ ਲਈ ਉਸਨੇ ਇੱਕ ਹੋਰ ਕਾਵਿ ਰਚਨਾ ਸ਼ੈਲੀ ਦਾ ਪ੍ਰਯੋਗ ਕੀਤਾ।
- ਪ੍ਰਾਚੀਨ ਇਸਰਾਏਲ ਦੇ ਕਵੀਆਂ ਨੇ ਸੁੰਦਰਤਾ ਅਤੇ ਸੰਤੁਲਨ ਦੇ ਆਕਾਰ ਦਾ ਪ੍ਰਯੋਗ ਕੀਤਾ, ਜਿਹੜਾ ਸਾਰੀਆਂ ਭਾਸ਼ਾਵਾਂ ਅਤੇ ਸੱਭਿਆਚਾਰਾਂ ਲਈ ਢੁੱਕਵਾਂ ਸੀ। ਸਿਰਫ ਸ਼ਬਦਾਂ ਅਤੇ ਜ਼ੋਰ ਦਿੱਤੇ ਗਏ ਉਚਾਰਖੰਡਾਂ ਨੂੰ ਇਕਸੁਰ ਕਰਨ ਦੀ ਬਜਾਏ, ਪਰਮੇਸ਼ੁਰ ਨੇ ਕਵੀਆਂ ਨੂੰ ਉਨ੍ਹਾਂ ਦੇ ਵਿੱਚਾਰਾਂ ਦੇ ਅਰਥਾਂ ਨੂੰ ਸਾਵਾਂ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਉਨ੍ਹਾਂ ਦੀਆਂ ਆਇਤਾਂ ਦੁਆਰਾ ਵਿੱਚਾਰ ਨੂੰ ਪ੍ਰਗਟ ਕਰਦਿਆਂ ਦੋ ਜਾਂ ਇਸ ਤੋਂ ਵੱਧ ਵੱਖ-ਵੱਖ ਤਰੀਕਿਆਂ ਨਾਲ ਸੰਤੁਲਿਤ ਕੀਤਾ।
- ਵਿੱਚਾਰ ਲੱਭੋ ਕਿ ਕਹਾਉਤਾਂ 16:11 ਵਾਕਾਂਸ਼ਾਂ ਨੂੰ ਸਮਾਨਾਂਤਰ ਸੰਤੁਲਿਤ ਕਰਦੀ ਹੈ।
- ਵਿੱਚਾਰ ਲੱਭੋ ਕਿ ਕਹਾਉਤਾਂ 13:1 ਵਾਕਾਂਸ਼ਾਂ ਨੂੰ ਵਿਰੋਧੀ ਸੰਤੁਲਿਤ ਕਰਦੀ ਹੈ।



*ਹੇ ਆਲਸੀ ਤੂੰ ਕੀੜੀ ਕੋਲ ਜਾਹ, ਉਹ ਦੇ ਰਾਹਾਂ ਨੂੰ ਵੇਖ ਅਤੇ ਬੁੱਧਵਾਨ ਬਣ। (ਕਹਾਉਤਾਂ 6:6)*

## ਨਾਟਕ ਦੀਆਂ ਪੁਸਤਕਾਂ: ਅੱਯੂਬ ਅਤੇ ਸਰੇਸ਼ਟ ਗੀਤ

ਅੱਯੂਬ ਉਨ੍ਹਾਂ ਮਨੁੱਖਾਂ ਵਿੱਚਕਾਰ ਭੇਦਕਾਰੀ ਅਤੇ ਡੂੰਘੀ ਵਾਰਤਾਲਾਪ ਦਰਜ ਕਰਦਾ ਹੈ, ਜਿਹੜੇ ਮਨੁੱਖ ਪਰਮੇਸ਼ੁਰ ਅਤੇ ਉਸਦੇ ਨਿਆਂ ਬਾਰੇ ਇਕਦਮ ਵੱਖ-ਵੱਖ ਵਿੱਚਾਰ ਰੱਖਦੇ ਸਨ। ਅੱਯੂਬ 11 ਅਧਿਆਏ ਵਿੱਚ, ਸੋਫ਼ਰ, ਅੱਯੂਬ ਦੇ ਮਿੱਤਰ ਨੇ ਕਲਪਨਾ ਕਰਨ ਦੀ ਆਮ ਗਲਤੀ ਕੀਤੀ ਕਿ ਲੋਕ ਉਨ੍ਹਾਂ ਦੇ ਪਾਪ ਕਾਰਨ ਦੁੱਖ ਉਠਾਉਂਦੇ ਹਨ, ਜਿਸਨੂੰ ਹਿੰਦੂ 'ਕਰਮਾ' ਕਹਿੰਦੇ ਹਨ।

**ਅੱਯੂਬ 11:11-15** ਵਿੱਚ ਵੇਖੋ ਸੋਫ਼ਰ ਨੇ ਅੱਯੂਬ ਤੇ ਕਿਸ ਗੱਲ ਦਾ ਦੋਸ਼ ਲਾਇਆ

**ਅੱਯੂਬ 12:1-3** ਵਿੱਚ ਵੇਖੋ ਅੱਯੂਬ ਨੇ ਸੋਫ਼ਰ ਦੀ ਸਲਾਹ ਬਾਰੇ ਕੀ ਸੋਚਿਆ।

**ਸਰੇਸ਼ਟ ਗੀਤ** ਜਵਾਨ ਪ੍ਰੇਮੀਆਂ ਦੇ ਜੋਸ਼ ਨੂੰ ਪ੍ਰਗਟ ਕਰਦਾ ਹੈ। ਇਹ ਪੁਸਤਕ ਪਰਮੇਸ਼ੁਰ ਅਤੇ ਵਿਸ਼ਵਾਸੀਆਂ ਵਿੱਚਕਾਰ, ਅਤੇ ਸਾਡੇ ਪ੍ਰਭੂ ਯਿਸੂ ਅਤੇ ਉਸਦੀ ਦੁਲਹਨ, ਉਸਦੇ ਚੇਲਿਆਂ ਵਿੱਚਕਾਰ ਦੋਤਰਫੀ ਪਿਆਰ ਦੀ ਉਦਾਹਰਣ ਦੇਂਦੀ ਹੈ।

ਭਜਨ ਜਿਹੜੇ ਪ੍ਰਾਚੀਨ ਇਸਰਾਏਲੀਆਂ ਨੇ ਗਾਏ: **ਜਬੂਰਾਂ ਦੀ ਪੋਥੀ**

- ਲਗਭਗ ਸਾਰੀਆਂ ਮਸੀਹੀ ਕਲੀਸੀਆਵਾਂ ਅਰਾਧਨਾ ਵਿੱਚ ਜ਼ਬੂਰਾਂ ਦਾ ਪ੍ਰਯੋਗ ਕਰਦੀਆਂ ਹਨ।
- ਦਾਊਦ ਰਾਜਾ, ਉਸਦੇ ਅਰਾਧਨਾ ਕਰਨ ਵਾਲੇ ਆਗੂ, ਆਸਾਫ਼ ਅਤੇ ਬਾਕੀ ਲੇਖਕਾਂ ਨੇ ਪਰਮੇਸ਼ੁਰ ਪ੍ਰਤੀ ਆਪਣੀ ਉਸਤਤ ਦੀਆਂ ਡੂੰਘੀਆਂ ਭਾਵਨਾਵਾਂ, ਬੇਨਤੀਆਂ, ਕ੍ਰੋਧ, ਇਹਸਾਨ, ਸ਼ਿਕਾਇਤਾਂ, ਉਮੀਦ, ਨਿਰਾਸ਼ਾ ਅਤੇ ਧੰਨਵਾਦ ਨੂੰ ਪ੍ਰਗਟ ਕੀਤਾ
- **2 ਸਮੂਏਲ 23:1** ਵਿੱਚ ਲੱਭੋ ਦਾਊਦ ਨੇ ਆਪਣੇ ਜੀਵਨ ਦੇ ਅੰਤ ਨੂੰ ਕੀ ਕਿਹਾ। ਗਿਆਨ ਦੀਆਂ ਕਹਾਵਤਾਂ : ਕਹਾਉਤਾਂ


ਕਹਾਉਤਾਂ ਬੁੱਧ ਦੀਆਂ ਕਹਾਵਤਾਂ ਹਨ, ਜਿਹੜੀਆਂ ਦਾਊਦ ਦੇ ਪੁੱਤਰ, ਰਾਜਾ ਸੁਲੇਮਾਨ, ਅਤੇ ਹੋਰ ਬੁੱਧੀਮਾਨ ਮਨੁੱਖਾਂ ਦੁਆਰਾ ਲਿਖੀਆਂ ਗਈਆਂ ਸਨ।

ਕਹਾਉਤਾਂ **5** ਅਧਿਆਇ ਵਿੱਚ ਪੜ੍ਹੋ....

- ਵਿਭਚਾਰਨ ਦੀ ਬੋਲੀ ਕਿਸ ਤਰ੍ਹਾਂ ਦੀ ਹੈ (*3-4 ਆਇਤਾਂ* ),
- ਉਹ ਦੇ ਪੈਰ ਕਿੱਧਰ ਨੂੰ ਲੈ ਕੇ ਜਾਂਦੇ ਹਨ (*5-6 ਆਇਤਾਂ* ),
- ਪਤੀਆਂ ਨੂੰ ਆਪਣੀਆਂ ਪਤਨੀਆਂ ਪ੍ਰਤੀ ਕਿਉਂ ਵਫ਼ਾਦਾਰ ਹੋਣਾ ਚਾਹੀਦਾ ਹੈ (*15-23 ਆਇਤਾਂ* ),

ਬਹੁਤ ਸਾਰੀਆਂ ਕਹਾਉਤਾਂ ਜਵਾਨ ਲੋਕਾਂ ਲਈ ਸਿੱਖਿਆ ਦੇਂਦੀਆਂ ਹਨ।

''ਹੇ ਮੇਰੇ ਪੁੱਤ੍ਰ, ਤੂੰ ਮੇਰੀਆਂ ਗੱਲਾਂ ਧਿਆਨ ਨਾਲ ਸੁਣ;  
ਅਤੇ ਮੇਰੇ ਵਾਕਾਂ ਉੱਤੇ ਕੰਨ ਲਾ।  
ਓਹਨਾਂ ਨੂੰ ਆਪਣੀਆਂ ਅੱਖੀਆਂ ਤੋਂ ਪਰੋਖੇ ਨਾ ਹੋਣ ਦੇਹ;  
ਆਪਣੇ ਮਨ ਵਿੱਚ ਓਹਨਾਂ ਨੂੰ ਸਾਂਭ ਕੇ ਰੱਖ।  
ਜਿਨ੍ਹਾਂ ਨੂੰ ਉਹ ਪ੍ਰਾਪਤ ਹੁੰਦੀਆਂ ਹਨ, ਉਨ੍ਹਾਂ ਦੇ ਲਈ ਜੀਉਣ ਹਨ,  
ਤੇ ਉਨ੍ਹਾਂ ਦੇ ਸਾਰੇ ਸਰੀਰ ਦੇ ਲਈ ਤੰਦਰੁਸਤੀ।  
ਆਪਣੇ ਮਨ ਦੀ ਵੱਡੀ ਚੌਕਸੀ ਕਰ,  
ਕਿਉਂ ਜੋ ਜੀਉਣ ਦੀਆਂ ਧਾਰਾਂ ਓਸੇ ਤੋਂ ਨਿਕਲਦੀਆਂ ਨਨ।'' *(ਕਹਾਉਤਾਂ 4:20-23)*




ਆਲਸੀ ਆਖਦਾ ਹੈ, ''ਰਾਹ ਵਿੱਚ ਤਾਂ ਸ਼ੀਂਹ ਹੈ, ਗਲੀਆਂ ਵਿੱਚ ਬਬਰ ਸ਼ੇਰ ਹੈ! ਜਿਵੇਂ ਕਿਵਾੜ ਚੀਥੀ ਉੱਤੇ ਘੁੰਮਦਾ ਹੈ, ਓਵੇਂ ਆਲਸੀ ਆਪਣੇ ਮੰਜੇ ਉੱਤੇ।" (*ਕਹਾਉਤਾਂ 26:13-14*)



ਕਹਾਉਤਾਂ **31:10-31** ਵਿੱਚ ਉਹ ਬਹੁਤ ਸਾਰੀਆਂ ਗੱਲਾਂ ਬਾਰੇ ਪੜ੍ਹੋ ਜਿਹੜੀਆਂ ਇਕ ਪਤਵੰਤ ਇਸਤਰੀ ਕਰਦੀ ਹੈ।

ਨਿਰਾਸ਼ਾਵਾਦੀ ਇੱਕ ਬੁਢੇ ਮਨੁੱਖ ਬਾਰੇ ਸ਼ਿਕਾਇਤ ਕਰਦਾ ਹੈ:

**ਉਪਦੇਸ਼ਕ ਦੀ ਪੋਥੀ** ਇੱਕ ਬੁੱਢਾ ਲੇਖਕ, ਸੰਭਵਤ ਸੁਲੇਮਾਨ ਧਰਤੀ ਉੱਤੇ (ਸੂਰਜ ਹੇਠ) ਜੀਵਨ ਦੀ ਵਿਅਰਥਤਾ ਬਾਰੇ ਵਰਨਣ ਕਰਦਾ ਹੈ। ਉਸਨੇ ਹਰ ਸੁੱਖ ਨੂੰ ਪਰਖਿਆ ਸੀ ਪਰ ਅਖੀਰ ਉਸਨੇ ਜਾਣਿਆ ਕਿ ਇਹ ਸਭ ਵਿਅਰਥ (ਹਵਾ ਦਾ ਫੱਕਣਾ) ਸੀ।



**2. ਆਪਣੇ ਸਹਿਕਰਮੀਆਂ ਨਾਲ ਮਿਲਕੇ ਉਨ੍ਹਾਂ ਗਤੀਵਿਧੀਆਂ ਦੀ ਯੋਜਨਾ ਬਣਾਓ ਜੋ ਤੁਸੀਂ ਅਤੇ ਉਨ੍ਹਾਂ ਨੇ ਹਫ਼ਤੇ ਦੌਰਾਨ ਕਰਨੀਆਂ ਹਨ।**

**ਮਾਤਾ ਪਿਤਾ** ਕੋਲ ਜਾਓ ਅਤੇ ਉਨ੍ਹਾਂ ਨੂੰ ਕਹਾਉਤਾਂ 13:24, 19:18; 22:6; 23:13 ਲਾਗੂ ਕਰਨ ਵਿੱਚ ਮਦਦ ਕਰੋ।

ਉਨ੍ਹਾਂ ਦੇ **ਬੱਚਿਆਂ** ਨੂੰ ਕਹਾਉਤਾਂ 1:8-9 ਲਾਗੂ ਕਰਨ ਵਿੱਚ ਮਦਦ ਕਰੋ।

ਆਪਣੇ ਵਿਸ਼ਵਾਸੀਆਂ ਨੂੰ ਜਿਹੜੇ ਵਿਸਤਰਤ ਬਾਈਬਲ ਅਧਿਐਨ ਕਰਨ ਵਿੱਚ ਖੁਸ਼ ਹੁੰਦੇ ਹਨ, ਉਨ੍ਹਾਂ ਨੂੰ ਅੱਯੂਬ, ਜ਼ਬੂਰਾਂ ਦੀ ਪੋਥੀ ਜਾਂ ਕਹਾਉਤਾਂ ਦੀ ਧਿਆਨਪੂਰਵਕ ਜਾਂਚ ਕਰਨ ਦਿਓ। ਬਾਅਦ ਵਿੱਚ ਉਨ੍ਹਾਂ ਨੂੰ ਦੱਸਣ ਦਿਓ ਕਿ ਕਿਹੜੀ ਗੱਲ ਉਨ੍ਹਾਂ ਲਈ ਮਦਦਗਾਰ ਸਾਬਿਤ ਹੋਈ।

ਨਵੇਂ **ਚਰਵਾਹਿਆਂ** ਨੂੰ ਜਿਨ੍ਹਾਂ ਨੂੰ ਤੁਸੀਂ ਸਿੱਖਿਆ ਦੇ ਰਹੇ ਹੋ, ਪੁਰਾਣੇ ਨੇਮ ਦੀ ਕਾਵਿ ਰਚਨਾ ਨੂੰ ਪਹਿਚਾਨਣ ਵਿੱਚ ਮਦਦ ਕਰੋ।

ਜ਼ਬੂਰਾਂ ਦੀ ਪੋਥੀ ਵਿੱਚੋਂ ਆਇਤਾਂ ਚੁਣੋ ਜਿਹੜੀਆਂ ਪਰਮੇਸ਼ੁਰ ਉੱਤੇ ਧਿਆਨ ਕੇਂਦਰਿਤ ਕਰਦੀਆਂ ਹਨ ਅਤੇ ਉਸਦੀ ਉਸਤਤ ਕਰੋ। ਉਨ੍ਹਾਂ ਦਾ ਪ੍ਰਯੋਗ **ਅਰਾਧਨਾ** ਵਿੱਚ ਕਰੋ।

**3. ਆਪਣੇ ਸਹਿਕਰਮੀਆਂ ਨਾਲ ਮਿਲਕੇ ਅਗਲੀ ਅਰਾਧਨਾ ਲਈ ਯੋਜਨਾ ਬਣਾਓ।**

ਪੁਰਾਣੇ ਨੇਮ ਦੀ ਕਾਵਿ ਰਚਨਾ ਦੀ ਸੁੰਦਰਤਾ ਅਤੇ ਅਨੋਖੇ ਢੰਗ ਬਾਰੇ ਦੱਸੋ ਅਤੇ ਕੁਝ ਉਦਾਹਰਣਾਂ ਪੜ੍ਹੋ।

ਵੱਖ-ਵੱਖ ਕਾਵਿਆਤਮਕ ਪੁਸਤਕਾਂ ਦੇ ਮੁੱਖ **ਵਿਸ਼ਿਆਂ** ਬਾਰੇ ਦੱਸੋ।

ਕਹਾਉਤਾਂ ਦੀ ਪੁਸਤਕ ਵਿੱਚੋਂ ਕੁਝ **ਕਹਾਉਤਾਂ** ਬਾਰੇ ਦੱਸੋ।

**ਵਿਸ਼ਵਾਸੀਆਂ** ਨੂੰ ਜਿਨ੍ਹਾਂ ਕਾਵਿਆਤਮਕ ਪੁਸਤਕਾਂ ਪੜ੍ਹਨ ਦੁਆਰਾ ਬਰਕਤ ਪਾਈ ਹੈ, ਉਨ੍ਹਾਂ ਨੂੰ ਇਸ ਬਾਰੇ ਦੱਸਣ ਦਿਓ।

**ਬੱਚਿਆਂ** ਨੂੰ ਜੋ ਉਨ੍ਹਾਂ ਤਿਆਰ ਕੀਤਾ ਹੈ ਪੇਸ਼ ਕਰਨ ਦਿਓ।

**ਪ੍ਰਭੂ ਭੋਜ** ਸ਼ੁਰੂ ਕਰਨ ਲਈ, ਜ਼ਬੂਰ 133 ਪੜ੍ਹੋ ਅਤੇ ਦੱਸੋ ਕਿ ਜਦੋਂ ਅਸੀਂ ਯਿਸੂ ਦੀ ਮੌਤ ਦੀ ਕੁਰਬਾਨੀ ਦੀ ਯਾਦਗੀਰੀ ਵਿੱਚ ਰੋਟੀ ਤੋੜਦੇ ਹਾਂ, ਅਸੀਂ ਵਿਸ਼ਵਾਸੀਆਂ ਵਿੱਚਕਾਰ ਡੂੰਘੀ ਏਕਤਾ ਦਾ ਅਨੁਭਵ ਕਰਦੇ ਹਾਂ।

ਇਕ ਦੂਜੇ ਲਈ ਪ੍ਰਾਰਥਨਾ ਕਰਨ ਲਈ ਅਤੇ ਇਬਰਾਨੀ ਕਾਵਿ ਰਚਨਾ ਦੀਆਂ ਲਾਭਦਾਇਕ ਆਇਤਾਂ ਦੀ ਪੜਚੋਲ ਕਰਨ ਲਈ ਦੋ ਜਾਂ ਤਿੰਨ ਲੋਕਾਂ ਦਾ **ਸਮੂਹ** ਬਣਾਓ।

ਇਕੱਠੇ ਮਿਲਕੇ ਜ਼ਬੂਰਾਂ ਦੀ ਪੋਥੀ 145:1-2 **ਯਾਦ** ਕਰੋ।

Copyright 2004 © by Paul-Timothy. May be freely copied. Download from www.Paul-Timothy.net